## ਪ੍ਰਾਈਵੇਟ ਕਮੇਟੀਆਂ ਲਈ ਤੱਥ ਸ਼ੀਟ

# ਬੰਦਸ਼ਾਂ ਵਾਲੀ ਸੰਪਤੀ ਬਾਰੇ ਲੈਣ ਦੇਣ ਕਰਨ ਲਈ ਪ੍ਰਵਾਨਗੀ ਲਈ ਬੇਨਤੀ ਕਰਨਾ

## ਪਬਲਿਕ ਗਾਰਡੀਅਨ ਐਂਡ ਟਰੱਸਟੀ

ਕਮੇਟੀ ਔਫ ਇਸਟੇਟ ਵਜੋਂ, ਖਾਸ ਸੰਪਤੀ ਬਾਰੇ ਲੈਣ ਦੇਣ ਕਰਨ ਦੀ ਤੁਹਾਡੀ ਸਮਰੱਥਾ ਅਦਾਲਤ ਦੇ ਆਰਡਰ ਵਿਚਲੀਆਂ ਬੰਦਸ਼ਾਂ ਕਾਰਨ, ਜਾਂ ਕਿਸੇ ਐਗਰੀਮੈਂਟ ਕਾਰਨ (ਜਿਵੇਂ ਕਿ ਨਾ ਬਦਲਣ ਯੋਗ ਲੈਟਰ ਔਫ ਡਾਇਰੈਕਸ਼ਨ) ਸੀਮਤ ਹੋ ਸਕਦੀ ਹੈ। ਬੰਦਸ਼ਾਂ ਦੀਆਂ ਸ਼ਰਤਾਂ ਮੁਤਾਬਕ, ਜੇ ਤੁਸੀਂ ਇਹ ਸੰਪਤੀ ਵੇਚਣਾ, ਤਬਦੀਲ ਕਰਨਾ, ਇਸ ’ਤੇ ਕਰਜ਼ਾ ਲੈਣਾ, ਜਾਂ ਕਿਸੇ ਹੋਰ ਤਰ੍ਹਾਂ ਇਸ ਤੱਕ ਪਹੁੰਚ ਕਰਨਾ ਚਾਹੁੰਦੇ ਹੋਵੋ ਤਾਂ ਤੁਹਾਡੇ ਲਈ ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਦੀ ਪ੍ਰਵਾਨਗੀ ਜਾਂ ਅਦਾਲਤ ਦਾ ਹੋਰ ਆਰਡਰ ਲੈਣਾ ਜ਼ਰੂਰੀ ਹੈ।

ਇਹ ਤੱਥ ਸ਼ੀਟ, ਰੀਅਲ ਪ੍ਰਾਪਰਟੀ ਦੇ ਇਲਾਵਾ, ਬੰਦਸ਼ਾਂ ਵਾਲੀ ਕਿਸੇ ਸੰਪਤੀ ਬਾਰੇ ਲੈਣ ਦੇਣ ਦੀ ਪ੍ਰਵਾਨਗੀ ਲੈਣ ਲਈ ਪੀ ਜੀ ਟੀ ਕੋਲ ਬੇਨਤੀ ਲਈ ਤਿਆਰੀ ਕਰਨ ਵਿਚ ਤੁਹਾਡੀ ਮਦਦ ਲਈ ਗਾਈਡਲਾਈਨਾਂ ਪ੍ਰਦਾਨ ਕਰਦੀ ਹੈ। ਬੰਦਸ਼ਾਂ ਵਾਲੀ ਰੀਅਲ ਪ੍ਰਾਪਰਟੀ ਵੇਚਣ ਦੀ ਪ੍ਰਵਾਨਗੀ ਲੈਣ ਲਈ ਖਾਸ ਗਾਈਡਲਾਈਨਾਂ ਲਈ ਪੀ ਜੀ ਟੀ ਦੀ *ਰੀਅਲ ਪ੍ਰਾਪਰਟੀ ਦੀ ਵਿਕਰੀ* ਤੱਥ ਸ਼ੀਟ ਦੇਖੋ।

## ਵਿਚਾਰਾਂ

ਪੀ ਜੀ ਟੀ ਪਹੁੰਚ ਨੂੰ ਸਿਰਫ ਤਾਂ ਹੀ ਪ੍ਰਵਾਨਗੀ ਦੇਵੇਗਾ ਜੇ ਇਹ ਸਪਸ਼ਟ ਤੌਰ ’ਤੇ ਦਿਖਾਇਆ ਗਿਆ ਹੋਵੇਗਾ ਕਿ ਇਹ ਬੇਨਤੀ ਉਸ ਅਸਮਰੱਥ ਬਾਲਗ ਦੇ ਬਿਹਤਰ ਹਿੱਤਾਂ ਵਿਚ ਹੈ ਜਿਸ ਲਈ ਤੁਸੀਂ ਕਮੇਟੀ ਹੋ (“ਬਾਲਗ”)। ਇਹ ਬਿਹਤਰ ਹਿੱਤਾਂ ਵਿਚ ਹੋ ਸਕਦਾ ਹੈ ਜੇ ਤੁਸੀਂ ਬੰਦਸ਼ਾਂ ਵਾਲੀ ਸੰਪਤੀ ਤੱਕ ਪਹੁੰਚ ਖਾਸ ਹਾਲਤਾਂ ਵਿਚ ਕਰਦੇ ਹੋ, ਜਿਵੇਂ ਕਿ:

- ਬਾਲਗ ਦੀ ਆਮਦਨ ਵਿਚ ਚੱਲ ਰਹੀ ਲਗਾਤਾਰ ਕਮੀ ਨੂੰ ਕਵਰ ਕਰਨ ਲਈ;
- ਬਾਲਗ ਦੇ ਕਿਸੇ ਵੱਡੇ ਜਾਂ ਅਸਾਧਾਰਣ ਇਕ ਵਾਰੀ ਕੀਤੇ ਜਾਣ ਵਾਲੇ ਖਰਚੇ ਲਈ ਪੈਸੇ ਦੇਣ ਲਈ;
- ਬਾਲਗ ਦਾ ਕੋਈ ਕਰਜ਼ਾ ਅਦਾ ਕਰਨ ਲਈ;
- ਬੰਦਸ਼ਾਂ ਵਾਲਾ ਅਕਾਊਂਟ ਕਿਸੇ ਨਵੀਂ ਵਿੱਤੀ ਸੰਸਥਾ ਵਿਚ ਤਬਦੀਲ ਕਰਨ ਲਈ;
- ਬਾਲਗ ਦੀ ਵਰਤੋਂ ਲਈ ਕੋਈ ਰੀਅਲ ਪ੍ਰਾਪਰਟੀ ਖਰੀਦਣ ਲਈ;
- ਬਾਲਗ ਲਈ ਕੋਈ ਗੈਰ ਵਿੱਤੀ ਸੰਪਤੀ ਖਰੀਦਣ ਲਈ; ਜਾਂ
- ਬੰਦਸ਼ਾਂ ਵਾਲੀ ਰੀਅਲ ਪ੍ਰਾਪਰਟੀ ਦੀ ਜ਼ਮਾਨਤ ਵਜੋਂ ਵਰਤੋਂ ਨਾਲ ਬਾਲਗ ਲਈ ਕੋਈ ਲੋਨ ਲੈਣ ਲਈ।

ਬੇਨਤੀ ਦਰਜ ਕਰਵਾਉਣ ਤੋਂ ਪਹਿਲਾਂ ਇਹ ਵਿਚਾਰ ਕਰੋ:

- ***ਕੀ ਬੇਨਤੀ ਬਾਲਗ ਦੇ ਬਿਹਤਰ ਹਿੱਤਾਂ ਵਿਚ ਹੈ ਅਤੇ ਤੁਹਾਡੇ ਅਧਿਕਾਰ ਦੇ ਖੇਤਰ ਵਿਚ ਹੈ?***
  *ਜੇ ਬੇਨਤੀ ਕਿਸੇ ਵੱਡੇ ਤੋਹਫੇ ਲਈ ਹੈ, ਜਾਂ ਬਾਲਗ ਦੀ ਇਸਟੇਟ ਦੀ ਕਿਸੇ ਪਹਿਲੀ ਵੰਡ ਵਰਗੀ ਹੈ ਤਾਂ ਪੀ ਜੀ ਟੀ ਪ੍ਰਵਾਨਗੀ ਨਹੀਂ ਦੇਵੇਗਾ।*
- ***ਕੀ ਸੰਪਤੀ ਦਾ ਜ਼ਿਕਰ ਬਾਲਗ ਦੀ ਵਸੀਅਤ ਵਿਚ ਕੀਤਾ ਗਿਆ ਹੈ?***
  ਜੇ ਤੁਸੀਂ ਕੋਈ ਅਜਿਹੀ ਸੰਪਤੀ ਵੇਚਣੀ ਜਾਂ ਤਬਦੀਲ ਕਰਨਾ ਚਾਹੁੰਦੇ ਹੋਵੋ ਜਿਹੜੀ ਬਾਲਗ ਦੀ ਵਸੀਅਤ ਵਿਚ ਕੋਈ ਖਾਸ ਤੋਹਫਾ ਦਿੱਤੀ ਗਈ ਹੈ ਤਾਂ ਤੁਹਾਨੂੰ *ਵਿਲਜ਼, ਇਸਟੇਟਸ, ਐਂਡ ਸਕਸੈਸ਼ਨ ਐਕਟ* ਦੇ ਸੈਕਸ਼ਨ 48 ਦੀ ਪਾਲਣਾ ਕਰਨ ਲਈ ਮਿਲੀ ਰਕਮ ਦਿਖਾਉਣ ਵਾਲੇ ਜਾਂ ਸੰਪਤੀ ਦੀ ਵਾਜਬ ਕੀਮਤ ਦੇ ਪੇਪਰ ਸਾਂਭਣੇ ਚਾਹੀਦੇ ਹਨ।

PUBLIC GUARDIAN AND TRUSTEE OF BRITISH COLUMBIA

- ***ਕੀ ਗੈਰ-ਬੰਦਸ਼ਾਂ ਵਾਲੀ ਸੰਪਤੀ ਦੀ ਵਰਤੋਂ ਬੇਨਤੀ ਦਾ ਖਰਚਾ ਦੇਣ ਲਈ ਕੀਤੀ ਜਾ ਸਕਦੀ ਹੈ?***
  ਜੇ ਅਜਿਹਾ ਹੈ ਤਾਂ ਤੁਹਾਨੂੰ ਇਹ ਬਿਆਨ ਕਰਨ ਲਈ ਕਿਹਾ ਜਾਵੇਗਾ ਕਿ ਤੁਸੀਂ ਬੰਦਸ਼ਾਂ ਵਾਲੀ ਸੰਪਤੀ ਵਿਚ ਦਖਲ ਦੇਣ ਦੀ ਬਜਾਏ ਉਸ ਸੰਪਤੀ ਦੀ ਵਰਤੋਂ ਕਿਉਂ ਨਹੀਂ ਕਰ ਰਹੇ (ਜਿਵੇਂ ਜਿੱਥੇ ਗੈਰ-ਬੰਦਸ਼ਾਂ ਵਾਲੀ ਸੰਪਤੀ ਬਾਲਗ ਦੀ ਵਸੀਅਤ ਵਿਚ ਅਗਲੀ ਪੀੜ੍ਹੀ ਲਈ ਛੱਡੀ ਗਈ ਹੈ ਅਤੇ ਤੁਸੀਂ ਇਸ ਨੂੰ ਲਾਭ-ਪਾਤਰਾਂ ਲਈ ਸਾਂਭ ਕੇ ਰੱਖਣਾ ਚਾਹੁੰਦੇ ਹੋ)।
- ***ਕੀ ਤੁਹਾਡੀ ਕਮੇਟੀਸ਼ਿਪ 'ਤੇ ਨਿਗਰਾਨੀ ਰੱਖਣ ਵਿਚ ਪੀ ਜੀ ਟੀ ਦਾ ਰੋਲ ਹੈ?***
  ਜੇ ਬਾਲਗ ਦੀ ਮੌਤ ਹੋ ਗਈ ਹੋਵੇ ਜਾਂ ਉਹ ਪੱਕੇ ਤੌਰ 'ਤੇ ਬ੍ਰਿਟਿਸ਼ ਕੋਲੰਬੀਆ ਤੋਂ ਬਾਹਰ ਰਹਿ ਰਿਹਾ ਹੋਵੇ ਤਾਂ ਪੀ ਜੀ ਟੀ ਦਾ ਹੁਣ ਰੋਲ ਨਹੀਂ ਹੁੰਦਾ ਅਤੇ ਉਹ ਬੇਨਤੀ 'ਤੇ ਵਿਚਾਰ ਨਹੀਂ ਕਰੇਗਾ।

## ਆਪਣੀ ਬੇਨਤੀ ਦਰਜ ਕਰਾਉਣਾ

ਆਪਣੀ ਬੇਨਤੀ ਨੂੰ ਲਿਖਤੀ ਰੂਪ ਵਿਚ ਈਮੇਲ, ਫੈਕਸ ਰਾਹੀਂ ਜਾਂ ਪੀ ਜੀ ਟੀ ਨੂੰ ਚਿੱਠੀ ਦੇ ਰੂਪ ਵਿਚ "ਅਟੈਨਸ਼ਨ: ਪ੍ਰਾਈਵੇਟ ਕਮੇਟੀ ਸਰਵਿਸਿਜ਼" 'ਤੇ ਭੇਜੋ ਅਤੇ ਇਹ ਚੀਜ਼ਾਂ ਸ਼ਾਮਲ ਕਰੋ:

☑ ਅਕਾਊਂਟ ਦੇ ਵੇਰਵੇ ਅਤੇ ਮੰਗੀ ਗਈ ਰਕਮ, ਅਤੇ ਇਸ ਦੇ ਨਾਲ ਅਕਾਊਂਟ ਵਿਚਲਾ ਮੌਜੂਦਾ ਬੇਲੈਂਸ ਦਿਖਾਉਂਦੀ ਹੋਈ ਸਟੇਟਮੈਂਟ ਵੀ ਭੇਜੋ;
☑ ਵਿੱਤੀ ਸੰਸਥਾ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ; ਅਤੇ
☑ ਬੇਨਤੀ ਕਰਨ ਦੇ ਕਾਰਨ ਦਾ ਸੰਖੇਪ ਬਿਆਨ, ਅਤੇ ਇਹ ਦੱਸੋ ਕਿ ਇਸ ਨੂੰ ਪ੍ਰਵਾਨ ਕਰਨਾ ਬਾਲਗ ਦੇ ਬਿਹਤਰ ਹਿੱਤਾਂ ਵਿਚ ਕਿਵੇਂ ਹੋਵੇਗਾ।

**ਕਿਰਪਾ ਕਰਕੇ ਨੋਟ ਕਰੋ: ਬੰਦਸ਼ ਵਾਲੀ ਸੰਪਤੀ ਦੇ ਸਬੰਧ ਵਿਚ ਪ੍ਰਵਾਨਗੀ ਦੇਣ ਲਈ, ਪੀ ਜੀ ਟੀ ਨੂੰ ਰਿਵੀਊ ਕਰਨ ਅਤੇ ਜਵਾਬ ਦੇਣ ਲਈ ਘੱਟੋ ਘੱਟ ਦਸ ਕੰਮਕਾਰੀ ਦਿਨਾਂ ਦੀ ਲੋੜ ਹੈ, ਬੰਦਸ਼ਾਂ ਵਾਲੀ ਰੀਅਲ ਪ੍ਰਾਪਰਟੀ ਦੇ ਇਲਾਵਾ, ਜਿਸ ਲਈ ਪੰਜ ਕੰਮਕਾਰੀ ਦਿਨਾਂ ਦੀ ਲੋੜ ਹੈ। ਸਾਰੇ ਲੋੜੀਂਦੇ ਪੇਪਰ (ਡਾਕੂਮੈਂਟ) ਦੇਣ ਵਿਚ ਫੇਲ੍ਹ ਹੋਣ ਨਾਲ ਪੀ ਜੀ ਟੀ ਦੇ ਰਿਵੀਊ ਦੀ ਤੁਹਾਡੀ ਬੇਨਤੀ ਨੂੰ ਪੂਰੀ ਹੋਣ ਵਿਚ ਦੇਰੀ ਹੋਵੇਗੀ।**

ਤੁਹਾਡੀ ਬੇਨਤੀ ਦੀ ਕਿਸਮ ਮੁਤਾਬਕ ਲੋੜੀਂਦੀ ਹੋਰ ਜਾਣਕਾਰੀ ਇਸ ਤਰ੍ਹਾਂ ਹੈ:

***ਬਾਲਗ ਦੀ ਆਮਦਨ ਵਿਚ ਲਗਾਤਾਰ ਕਮੀ ਨੂੰ ਕਵਰ ਕਰਨ ਵਾਲੀਆਂ ਬੇਨਤੀਆਂ:***

☑ ਇਕ ਲੰਬੇ ਸਮੇਂ ਦੀ ਪਲੈਨ ਤਿਆਰ ਕਰੋ ਜਿਹੜੀ ਬਾਲਗ ਦੀਆਂ ਲੋੜਾਂ ਪੂਰੀਆਂ ਕਰਦੀ ਹੋਵੇ ਅਤੇ ਉਸ ਸਮੇਂ ਦੌਰਾਨ ਕਮੀਆਂ ਦਾ ਖਰਚਾ ਦੇਣ ਲਈ ਲੋੜੀਂਦੀ ਰਕਮ ਦਾ ਫੈਸਲਾ ਕਰਦੀ ਹੋਵੇ;
☑ ਇਕ ਬੱਜਟ ਤਿਆਰ ਕਰੋ ਜਿਹੜਾ ਇਹ ਦਿਖਾਉਂਦਾ ਹੋਵੇ ਕਿ ਬਾਲਗ ਨੂੰ ਮਹੀਨੇ ਦੇ ਆਧਾਰ 'ਤੇ ਕਿੰਨੇ ਪੈਸਿਆਂ ਦੀ ਲੋੜ ਪਵੇਗੀ। ਸਾਰੇ ਰੋਜ਼ਮਰਾ ਦੇ ਖਰਚਿਆਂ ਦਾ ਅਨੁਮਾਨ ਲਾਉਣ ਦੀ ਕੋਸ਼ਿਸ਼ ਕਰੋ ਅਤੇ ਛੋਟੀਆਂ ਅਣਚਿਤਵੀਆਂ ਪੇਮੈਂਟਾਂ ਅਤੇ ਰੈਗੂਲਰ ਖਰਚਿਆਂ ਵਿਚ ਵਾਧਿਆਂ ਲਈ ਅਲਾਊਂਸ ਸ਼ਾਮਲ ਕਰੋ;
☑ ਬਾਲਗ ਦੀ ਆਮਦਨ ਅਤੇ ਸੰਪਤੀ ਦੀ ਕੀਮਤ ਬਾਰੇ ਤਾਜ਼ਾ ਜਾਣਕਾਰੀ ਪ੍ਰਦਾਨ ਕਰੋ।

ਪੀ ਜੀ ਟੀ ਸਿਫਾਰਸ਼ ਕਰਦਾ ਹੈ ਕਿ ਆਪਣੇ ਪੇਪਰਵਰਕ ਨੂੰ ਘੱਟ ਤੋਂ ਘੱਟ ਰੱਖਣ ਲਈ ਅਤੇ ਰਿਵੀਊ ਦੇ ਕਾਰਜ ਨੂੰ ਤੇਜ਼ ਕਰਨ ਲਈ ਤੁਸੀਂ ਆਪਣੀ ਬੇਨਤੀ ਆਪਣੇ ਕਮੇਟੀਸ਼ਿਪ ਦੇ ਅਕਾਊਂਟ ਦਰਜ ਕਰਵਾਉਣ ਵੇਲੇ ਕਰੋ।

ਜੇ ਤੁਹਾਡੀ ਬੇਨਤੀ ਪ੍ਰਵਾਨ ਹੋ ਜਾਂਦੀ ਹੈ ਤਾਂ ਬੰਦਸ਼ਾਂ ਵਾਲੀ ਸੰਪਤੀ ਦੀ ਪੱਕੀ ਰਕਮ ਤੱਕ ਤੁਹਾਡੀ ਪਹੁੰਚ ਪਹਿਲਾਂ ਹੀ ਮਿੱਥੇ ਗਏ ਸਮੇਂ ਤੱਕ ਪ੍ਰਵਾਨ ਕੀਤੀ ਜਾਵੇਗੀ ਜੋ ਕਿ ਉਸ ਸਮੇਂ ਖਤਮ ਹੋ ਜਾਵੇਗੀ ਜਿਹੜਾ ਸਮਾਂ ਕਮੇਟੀਸ਼ਿਪ ਦੇ ਅਗਲੇ ਅਕਾਊਂਟਿੰਗ ਸਮੇਂ ਦੇ ਖਤਮ ਹੋਣ ਦੇ ਨੇੜੇ ਹੋਵੇਗਾ (ਜਿਵੇਂ ਜੇ ਤੁਹਾਡੇ ਅਗਲੇ ਕਮੇਟੀ ਅਕਾਊਂਟ ਦੋ ਸਾਲਾਂ ਵਿਚ ਬਕਾਇਆ ਹਨ ਤਾਂ ਮਹੀਨੇ ਦਾ 1,000 ਡਾਲਰ ਦੋ ਸਾਲਾਂ ਲਈ)।

### *ਮਹੱਤਵਪੂਰਨ ਜਾਂ ਅਸਾਧਾਰਨ ਇਕ ਵਾਰੀ ਖਰਚੇ ਲਈ ਫੰਡ ਲਈ ਬੇਨਤੀ:*

☑ ਜੇ ਖਰਚਾ ਵੱਡਾ ਹੈ ਤਾਂ ਰਕਮ ਦੇ ਹੱਕ ਵਿਚ ਕਨਸਟਰੱਕਸ਼ਨ/ਕੌਨਟਰੈਕਟਰ ਦਾ ਐਸਟੀਮੇਟ ਦਰਜ ਕਰਵਾਉ (ਜਿਵੇਂ ਕਿ ਰੀਅਲ ਪ੍ਰਾਪਰਟੀ ਦੀ ਰੈਨੋਵੇਸ਼ਨ);

☑ ਛੋਟੇ ਛੋਟੇ ਖਰਚਿਆਂ ਨੂੰ ਇਕੱਠੇ ਕਰੋ ਅਤੇ ਇਨ੍ਹਾਂ ਨੂੰ ਇਕ ਬੇਨਤੀ ਦੇ ਤੌਰ 'ਤੇ ਦਰਜ ਕਰਵਾਉ।

ਇਸ ਕਿਸਮ ਦੀਆਂ ਬੇਨਤੀਆਂ ਉਨ੍ਹਾਂ ਖਰਚਿਆਂ ਲਈ ਹੋਣੀਆਂ ਚਾਹੀਦੀਆਂ ਹਨ ਜਿਹੜੇ ਅਸਾਧਾਰਨ ਹਨ ਅਤੇ/ਜਾਂ ਅਣਚਿਤਵੇ ਹਨ, ਅਤੇ ਬਹੁਤੇ ਕੇਸਾਂ ਵਿਚ ਪ੍ਰਤੀ ਸਾਲ ਇਕ ਤੋਂ ਜ਼ਿਆਦਾ ਵਾਰੀ ਦਰਜ ਨਹੀਂ ਕਰਵਾਏ ਜਾਂਦੇ।

### *ਕੋਈ ਕਰਜ਼ਾ ਵਾਪਸ ਦੇਣ ਲਈ ਬੇਨਤੀਆਂ:*

☑ ਉਹ ਪੇਪਰ ਸ਼ਾਮਲ ਕਰੋ ਜਿਹੜੇ ਇਹ ਤਸਦੀਕ ਕਰਦੇ ਹੋਣ ਕਿ ਕਰਜ਼ਾ ਬਾਲਗ ਦੀ ਜ਼ਿੰਮੇਵਾਰੀ ਹੈ ਅਤੇ ਇਹ ਰਹਿੰਦਾ ਮੌਜੂਦਾ ਬੇਲੈਂਸ ਦਿਖਾਉਂਦੇ ਹਨ।

### *ਬੰਦਸ਼ਾਂ ਵਾਲਾ ਕੋਈ ਅਕਾਊਂਟ ਕਿਸੇ ਹੋਰ ਵਿੱਤੀ ਸੰਸਥਾ ਵਿਚ ਤਬਦੀਲ ਕਰਨ ਲਈ ਬੇਨਤੀਆਂ:*

☑ ਮਾਲਕੀ ਦੀ ਤਸਦੀਕ ਕਰੋ ਅਤੇ ਵਿਚਲੇ ਲਾਭ-ਪਾਤਰ ਅਣਬਦਲੇ ਰਹਿੰਦੇ ਹਨ।

ਪੀ ਜੀ ਟੀ ਇਹ ਮੰਗ ਕਰੇਗਾ ਨਵੇਂ ਅਕਾਊਂਟ ਬਰਾਬਰ ਦੀ ਸਕਿਉਰਟੀ ਨਾਲ ਕਵਰ ਹੋਣ। ਜੇ ਬਰਾਬਰ ਦੀ ਸਕਿਉਰਟੀ ਨਾ ਦਿੱਤੀ ਜਾ ਸਕਦੀ ਹੋਵੇ ਤਾਂ ਤੁਹਾਡੇ ਲਈ ਇਸ ਹੱਕ ਵਿਚ ਸਪਸ਼ਟ ਅਤੇ ਜ਼ੋਰਦਾਰ ਜਾਣਕਾਰੀ ਦੇਣਾ ਜ਼ਰੂਰੀ ਹੈ ਕਿ ਬੇਨਤੀ ਬਾਲਗ ਦੇ ਬਿਹਤਰ ਹਿੱਤਾਂ ਵਿਚ ਹੈ। ਕਿਰਪਾ ਕਰਕੇ ਨੋਟ ਕਰੋ ਕਿ ਕੋਈ ਤਬਦੀਲੀ ਜਿਹੜੀ ਸੰਪਤੀ ਨੂੰ ਬ੍ਰਿਟਿਸ਼ ਕੋਲੰਬੀਆ ਤੋਂ ਬਾਹਰ ਦੇ ਕਿਸੇ ਸਥਾਨ ਜਾਂ ਸੰਸਥਾ ਵਿਚ ਮੂਵ ਕਰਦੀ ਹੈ, ਭਾਵੇਂ ਇਹ ਬਾਲਗ ਦੇ ਫਾਇਦੇ ਲਈ ਹੋਵੇ, ਕਮੇਟੀ ਦੀ ਸਹੂਲਤ ਲਈ ਹੋਵੇ, ਜਾਂ ਮੁਨਾਫੇ ਵਿਚ ਹਲਕੇ ਵਾਧੇ ਲਈ ਹੋਵੇ, ਸਕਿਉਰਟੀ ਵਿਚ ਕਮੀ ਨੂੰ ਠੀਕ ਸਿੱਧ ਕਰਨ ਲਈ ਕਾਫੀ ਨਹੀਂ ਹੋ ਸਕਦੀ ਹੈ।

### *ਰੀਅਲ ਪ੍ਰਾਪਰਟੀ ਖਰੀਦਣ ਲਈ ਬੇਨਤੀਆਂ:*

☑ ਇਹ ਤਸਦੀਕ ਕਰੋ ਕਿ ਰੀਅਲ ਪ੍ਰਾਪਰਟੀ ਬਾਲਗ ਦੇ ਨਾਂ 'ਤੇ ਰਜਿਸਟਰ ਹੋਵੇਗੀ।

ਇਨਵੈਸਟਮੈਂਟ ਦੇ ਮੰਤਵਾਂ ਲਈ ਕਿਸੇ ਰੀਅਲ ਪ੍ਰਾਪਰਟੀ ਦੀ ਖਰੀਦ ਕੋਈ ਸਿਆਣੀ ਇਨਵੈਸਟਮੈਂਟ ਨਹੀਂ ਸਮਝੀ ਜਾਂਦੀ ਅਤੇ ਅਜਿਹੀਆਂ ਬੇਨਤੀਆਂ ਪ੍ਰਵਾਨ ਨਹੀਂ ਕੀਤੀਆਂ ਜਾਂਦੀਆਂ। ਪੀ ਜੀ ਟੀ ਸਿਰਫ ਉਹ ਰੀਅਲ ਪ੍ਰਾਪਰਟੀ ਖਰੀਦਣ ਦੀਆਂ ਬੇਨਤੀਆਂ 'ਤੇ ਹੀ ਵਿਚਾਰ ਕਰੇਗਾ ਜਿਹੜੀ ਬ੍ਰਿਟਿਸ਼ ਕੋਲੰਬੀਆ ਵਿਚ ਹੈ ਅਤੇ ਬਾਲਗ ਦੀ ਵਰਤੋਂ ਲਈ ਹੈ। ਬਾਅਦ ਦੀ ਵਿਕਰੀ ਜਾਂ ਬੰਦਸ਼ਾਂ ਵਾਲੀ ਸੰਪਤੀ ਨਾਲ ਖਰੀਦੀ ਗਈ ਰੀਅਲ ਪ੍ਰਾਪਰਟੀ ਦੀ ਜ਼ਿੰਮੇਵਾਰੀ ਲਈ ਪੀ ਜੀ ਟੀ ਦੀ ਪ੍ਰਵਾਨਗੀ ਜਾਂ ਅਦਾਲਤ ਦੇ ਹੋਰ ਆਰਡਰ ਦੀ ਲੋੜ ਪਵੇਗੀ।

### *ਕੋਈ ਗੈਰ ਵਿੱਤੀ ਸੰਪਤੀ ਖਰੀਦਣ ਲਈ ਬੇਨਤੀਆਂ:*

☑ ਇਹ ਤਸਦੀਕ ਕਰੋ ਕਿ ਸੰਪਤੀ ਬਾਲਗ ਦੇ ਨਾਂ 'ਤੇ ਰਜਿਸਟਰ ਹੋਵੇਗੀ ਅਤੇ ਇਹ ਬਾਲਗ ਦੀਆਂ ਲੋੜਾਂ ਪੂਰੀਆਂ ਕਰਨ ਲਈ ਹੈ (ਜਿਵੇਂ ਕਿ ਕੋਈ ਗੱਡੀ, ਡਾਕਟਰੀ ਸਾਜ਼-ਸਾਮਾਨ ਜਾਂ ਘਰ ਦੀਆਂ ਚੀਜ਼ਾਂ)।

### *ਬੰਦਸ਼ਾਂ ਵਾਲੀ ਰੀਅਲ ਪ੍ਰਾਪਰਟੀ ਦੀ ਜ਼ਮਾਨਤ ਵਜੋਂ ਵਰਤੋਂ ਕਰਦੇ ਹੋਏ ਮੌਰਗੇਜ ਜਾਂ ਘਰ ਦੀ ਇਕੁਇਟੀ 'ਤੇ ਲੋਨ ਲੈਣ ਲਈ ਬੇਨਤੀਆਂ:*

☑ ਜ਼ੋਰਦਾਰ ਕਾਰਨ ਦੱਸੋ ਕਿ ਅਜਿਹਾ ਕਰਨਾ ਬਾਲਗ ਦੇ ਬਿਹਤਰ ਹਿੱਤਾਂ ਵਿਚ ਕਿਉਂ ਹੈ (ਜਿਵੇਂ ਬਾਲਗ ਨੂੰ ਆਪਣੇ ਘਰ ਵਿਚ ਰੱਖਣ ਲਈ);

☑ ਬੱਜਟ ਦਰਜ ਕਰਵਾਉ ਜਿਹੜਾ ਇਹ ਦਿਖਾਉਂਦਾ ਹੋਵੇ ਕਿ ਬਾਲਗ ਲੋਨ ਦੀਆਂ ਪੇਮੈਂਟਾਂ ਦੇ ਸਕਦਾ ਹੈ (ਜੇ ਲਾਗੂ ਹੁੰਦਾ ਹੋਵੇ)।

ਲੋਨ ਦੀ ਜਿਹੜੀ ਵੱਧ ਤੋਂ ਵੱਧ ਰਕਮ ਪੀ ਜੀ ਟੀ ਪ੍ਰਵਾਨ ਕਰੇਗਾ ਉਹ ਬਾਲਗ ਦੀਆਂ ਮੌਜੂਦਾ ਲੋੜਾਂ ਤੱਕ ਸੀਮਤ ਹੋਵੇਗੀ। ਇਨਵੈਸਟਮੈਂਟ ਦੇ ਮੰਤਵਾਂ ਲਈ ਲਏ ਗਏ ਲੋਨ ਸਿਆਣਪ ਨਹੀਂ ਸਮਝੀ ਜਾਂਦੀ ਅਤੇ ਅਜਿਹੇ ਲੋਨ ਲੈਣ ਲਈ ਕੀਤੀਆਂ ਗਈਆਂ ਬੇਨਤੀਆਂ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ।

## ਰਿਵੀਊ ਦਾ ਕਾਰਜ

ਕੋਈ ਕਮੇਟੀ ਰਿਵੀਊ ਅਫਸਰ ਤੁਹਾਡੀ ਬੇਨਤੀ 'ਤੇ ਵਿਚਾਰ ਕਰੇਗਾ ਅਤੇ ਇਹ ਪੱਕਾ ਕਰਨ ਲਈ ਉਸ ਨੂੰ ਹੋਰ ਜਾਣਕਾਰੀ ਦੀ ਲੋੜ ਹੋ ਸਕਦੀ ਹੈ ਕਿ ਇਹ ਬਾਲਗ ਦੇ ਬਿਹਤਰ ਹਿੱਤਾਂ ਵਿਚ ਹੈ। ਜੇ ਤੁਹਾਡੀ ਬੇਨਤੀ ਨੂੰ ਪ੍ਰਵਾਨਗੀ ਦੇ ਦਿੱਤੀ ਜਾਂਦੀ ਹੈ ਤਾਂ ਪੀ ਜੀ ਟੀ ਪਹਿਲਾਂ ਤੁਹਾਨੂੰ ਸਕਿਉਰਟੀ ਦੀਆਂ ਕੋਈ ਵੀ ਸ਼ਰਤਾਂ ਬਾਰੇ ਦੱਸੇਗਾ, ਜਿਨ੍ਹਾਂ ਦਾ ਅਗਾਊਂ ਪ੍ਰਬੰਧ ਕੀਤਾ ਜਾਣਾ ਜ਼ਰੂਰੀ ਹੈ। ਸਕਿਉਰਟੀ ਦਾ ਪ੍ਰਬੰਧ ਹੋ ਜਾਣ 'ਤੇ, ਪੀ ਜੀ ਟੀ ਤੁਹਾਡੀ ਬੇਨਤੀ ਨੂੰ ਪ੍ਰਵਾਨਗੀ ਦੇਣ ਵਾਲੀ ਚਿੱਠੀ ਭੇਜੇਗਾ।

**ਸਕਿਉਰਟੀ ਦੀਆਂ ਸ਼ਰਤਾਂ:** ਜੇ ਤੁਸੀਂ ਬੰਦਸ਼ਾਂ ਵਾਲੀ ਕੋਈ ਸੰਪਤੀ ਕਿਸੇ ਹੋਰ ਵਿੱਤੀ ਸੰਸਥਾ ਨੂੰ ਤਬਦੀਲ ਕਰ ਰਹੇ ਹੋਵੋ ਤਾਂ ਪੀ ਜੀ ਟੀ ਨਾ ਬਦਲਣ ਯੋਗ ਲੈਟਰ ਔਫ ਡਾਇਰੈਕਸ਼ਨ ਦੀ ਮੰਗ ਕਰ ਸਕਦਾ ਹੈ, ਜਿਸ ਉੱਪਰ ਤੁਹਾਡੇ ਅਤੇ ਨਵੀਂ ਵਿੱਤੀ ਸੰਸਥਾ ਦੇ ਇਹ ਤਸਦੀਕ ਕਰਦੇ ਹੋਏ ਦਸਖਤ ਹੋਏ ਹੋਣੇ ਚਾਹੀਦੇ ਹਨ ਕਿ ਨਵੇਂ ਅਕਾਊਂਟ ਤੱਕ ਤੁਹਾਡੀ ਪਹੁੰਚ ਸੀਮਤ ਹੋਵੇਗੀ। ਜੇ ਲੋੜ ਹੋਵੇ ਤਾਂ ਕਮੇਟੀ ਰਿਵੀਊ ਅਫਸਰ ਨਾ ਬਦਲਣ ਯੋਗ ਲੈਟਰ ਔਫ ਡਾਇਰੈਕਸ਼ਨ ਦੀ ਟੈਮਪਲੇਟ ਪ੍ਰਦਾਨ ਕਰੇਗਾ।

**ਨਾਮਨਜ਼ੂਰ ਬੇਨਤੀਆਂ:** ਪੀ ਜੀ ਟੀ ਖਾਸ ਹਾਲਤਾਂ ਵਿਚ ਬੇਨਤੀਆਂ ਮਨਜ਼ੂਰ ਨਹੀਂ ਕਰਦਾ, ਜਿਵੇਂ ਕਿ:

- ਬੇਨਤੀ ਬਾਲਗ ਦੀਆਂ ਵਿੱਤੀ ਜਾਂ ਕਾਨੂੰਨੀ ਜ਼ਿੰਮੇਵਾਰੀਆਂ ਜਾਂ ਸਿਹਤ ਅਤੇ ਸੇਫਟੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਨਹੀਂ ਹੈ।
- ਬੇਨਤੀ ਤੁਹਾਨੂੰ ਬਾਲਗ ਨਾਲ ਹਿੱਤਾਂ ਦੇ ਟਕਰਾਅ ਵਿਚ ਪਾਵੇਗੀ (ਜਿਵੇਂ ਕਿ ਆਪਣੇ ਆਪ ਨੂੰ ਜਾਂ ਕਿਸੇ ਸੰਬੰਧਿਤ ਧਿਰ ਨੂੰ ਤੋਹਫਾ ਜਾਂ ਲੋਨ)।
- ਬੇਨਤੀ ਇਸ ਵੇਲੇ ਲਾਗੂ ਅਦਾਲਤ ਦੇ ਆਰਡਰ ਦੀ ਕਿਸੇ ਸ਼ਰਤ ਦੇ ਵਿਰੋਧ ਵਿਚ ਹੋਵੇਗੀ।
- ਪਹਿਲਾਂ ਹੀ ਵਾਰ ਵਾਰ ਬੇਨਤੀਆਂ ਕੀਤੀਆਂ ਗਈਆਂ ਹਨ ਪਰ ਕੋਈ ਸੰਤੁਸ਼ਟੀਜਨਕ ਲੰਮੇ ਸਮੇਂ ਦੀ ਪਲੈਨ ਤਿਆਰ ਨਹੀਂ ਕੀਤੀ ਗਈ ਹੈ।

ਜੇ ਤੁਹਾਡੀ ਬੇਨਤੀ ਪ੍ਰਵਾਨ ਨਹੀਂ ਕੀਤੀ ਜਾਂਦੀ ਤਾਂ ਤੁਹਾਡੇ ਕੋਲ *ਪੇਸ਼ੈਂਟਸ ਪ੍ਰਾਪਰਟੀ ਐਕਟ* ਦੇ ਸੈਕਸ਼ਨ 28 ਅਧੀਨ ਪ੍ਰਵਾਨ ਕਰਵਾਉਣ ਲਈ ਅਦਾਲਤ ਦੇ ਆਰਡਰ ਲਈ ਅਰਜ਼ੀ ਕਰਨ ਦੀ ਚੋਣ ਹੈ। ਪੀ ਜੀ ਟੀ ਨੂੰ ਤੁਹਾਡੀ ਅਰਜ਼ੀ ਦਾ ਨੋਟਿਸ ਦਿੱਤਾ ਜਾਣਾ ਜ਼ਰੂਰੀ ਹੈ, ਅਤੇ ਇਹ ਕੋਈ ਪੱਖ ਨਹੀਂ ਲੈ ਸਕਦਾ ਹੈ, ਜਾਂ ਜੇ ਕੋਈ ਫਿਕਰ ਹੋਣ ਤਾਂ ਤੁਹਾਡੀ ਅਰਜ਼ੀ ਦੀ ਵਿਰੋਧਤਾ ਕਰੇਗਾ।

## ਜ਼ਿਆਦਾ ਜਾਣਕਾਰੀ

ਇਸ ਤੱਥ ਸ਼ੀਟ ਦਾ ਮਕਸਦ, ਪੀ ਜੀ ਟੀ ਨਾਲ ਅਸਰਦਾਰ ਤਰੀਕੇ ਅਤੇ ਕਾਮਯਾਬੀ ਨਾਲ ਕੰਮ ਕਰਨ ਵਿਚ ਤੁਹਾਡੀ ਮਦਦ ਕਰਨ ਲਈ ਆਮ ਸਲਾਹ ਅਤੇ ਸੇਧ ਦੇਣਾ ਹੈ। ਜੇ ਆਪਣੀ ਖਾਸ ਹਾਲਤ ਬਾਰੇ ਤੁਹਾਡੇ ਕੋਈ ਸਵਾਲ ਹੋਣ ਤਾਂ ਕਿਰਪਾ ਕਰਕੇ ਬੇਝਿਜਕ ਪ੍ਰਾਈਵੇਟ ਕਮੇਟੀ ਸਰਵਿਸਿਜ਼ ਡਿਪਾਰਟਮੈਂਟ ਨਾਲ ਸੰਪਰਕ ਕਰੋ ਅਤੇ ਕਿਸੇ ਕਮੇਟੀ ਰਿਵੀਊ ਅਫਸਰ ਨਾਲ ਗੱਲ ਕਰਨ ਲਈ ਕਹੋ।

ਜੇ ਕਮੇਟੀਸ਼ਿਪ ਬਾਰੇ ਤੁਹਾਡੇ ਕੋਈ ਹੋਰ ਸਵਾਲ ਹੋਣ ਤਾਂ ਕਿਰਪਾ ਕਰਕੇ www.trustee.bc.ca 'ਤੇ ਪ੍ਰਾਈਵੇਟ ਕਮੇਟੀ ਸਰਵਿਸਿਜ਼ ਪੇਜਿਜ਼ ਦੇਖੋ, ਜਾਂ ਪ੍ਰਾਈਵੇਟ ਕਮੇਟੀ ਸਰਵਿਸਿਜ਼ ਡਿਪਾਰਟਮੈਂਟ ਨਾਲ ਸੰਪਰਕ ਕਰੋ।

ਪ੍ਰਾਈਵੇਟ ਕਮੇਟੀ ਸਰਵਿਸਿਜ਼
ਪਬਲਿਕ ਗਾਰਡੀਅਨ ਐਂਡ ਟਰੱਸਟੀ
700-808 West Hastings Street
Vancouver BC V6C 3L3
ਫੋਨ: 604.660.1500
ਵੈੱਬਸਾਈਟ: www.trustee.bc.ca
ਈਮੇਲ: webmail@trustee.bc.ca

**ਪੀ ਜੀ ਟੀ ਦੇ ਦਫਤਰ ਦੇ ਸਮੇਂ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 8:30 ਤੋਂ ਬਾਅਦ ਦੁਪਹਿਰ 4:30 ਵਜੇ ਤੱਕ**

**ਦੂਰੋਂ ਮੁਫਤ ਕਾਲਿੰਗ**

ਦੂਰੋਂ ਮੁਫਤ ਕਾਲਿੰਗ ਸਰਵਿਸ ਬੀ ਸੀ ਦੇ ਰਾਹੀਂ ਉਪਲਬਧ ਹੈ। ਆਪਣੇ ਏਰੀਏ ਲਈ ਢੁਕਵਾਂ ਨੰਬਰ ਡਾਇਲ ਕਰਨ ਤੋਂ ਬਾਅਦ (ਹੇਠਾਂ ਦੇਖੋ) **ਪਬਲਿਕ ਗਾਰਡੀਅਨ ਐਂਡ ਟਰੱਸਟੀ** ਵੱਲ ਬਦਲੇ ਜਾਣ ਲਈ ਬੇਨਤੀ ਕਰੋ।

| | |
|---|---|
| ☎ ਵੈਨਕੂਵਰ | 604.660.2421 |
| ☎ ਵਿਕਟੋਰੀਆ | 250.387.6121 |
| ☎ ਬੀ ਸੀ ਵਿਚ ਹੋਰ ਇਲਾਕੇ | 1.800.663.7867 |